# ਆਪਣੀ ਜ਼ਿੰਦਗੀ ਦੇ ਫੈਸਲੇ ਆਪ ਕਰਨ ਦੀ ਲੋੜ

ਹਿੰਦੁਸਤਾਨ `ਚ ਸਟੇਟ ਬੈਂਕ ਆਫ਼ ਇੰਡੀਆ ਦੇ ਮੁਲਾਜ਼ਮਾਂ ਦੀ ਹੜਤਾਲ, ਨਰਬਦਾ ਬਚਾਉ ਅੰਦੋਲਨ ਦੀ ਲੀਡਰ ਮੇਧਾ ਪਾਟੇਕਰ ਦੀ ਭੁਖ ਹੜਤਾਲ, ਦਲਿਤ ਔਰਤਾਂ ਵਲੋਂ ਚੰਡੀਗੜ੍ਹ ਵਿਚ ਮੁਜ਼ਾਹਰੇ ਅਤੇ ਕਿਸਾਨਾਂ ਵਲੋਂ ਆਪਣੇ ਘਾਣ ਦੇ ਖ਼ਿਲਾਫ਼ ਰੇਲ ਰੋਕੋ ਅਤੇ ਰਸਤਾ ਰੋਕੋ ਸੰਘਰਸ਼ ਇਕ ਵਾਰ ਫਿਰ ਇਹ ਹਕੀਕਤ ਸਾਹਮਣੇ ਲਿਆਉਂਦੇ ਹਨ ਕਿ ਭਾਵੇਂ ਕੋਈ ਵੀ ਸਿਆਸੀ ਪਾਰਟੀ ਤਾਕਤ ਵਿਚ ਆ ਜਾਵੇ ਆਮ ਲੋਕਾਂ ਦਾ ਹਾਲ ਮਾੜਾ ਹੀ ਰਹਿੰਦਾ ਹੈ। ਲੋਕਾਂ ਦੀ ਜ਼ਿੰਦਗੀ ਤੇ ਪ੍ਰਭਾਵ ਪਾਉਣ ਵਾਲੇ ਸਾਰੇ ਦੇ ਸਾਰੇ ਫੈਸਲੇ ਉਨ੍ਹਾਂ ਉੱਤੇ ਠੋਸੇ ਜਾਂਦੇ ਹਨ ਅਤੇ ਇਹ ਫੈਸਲੇ ਕਰਨ ਵਿਚ ਉਨ੍ਹਾਂ ਦਾ ਕੋਈ ਵੀ ਹਿੱਸਾ ਨਹੀਂ ਹੈ। ਇਨ੍ਹਾਂ ਫੈਸਲਿਆਂ ਬਾਰੇ ਉਨ੍ਹਾਂ ਦੀ ਕੋਈ ਪਹੁੰਚ ਨਹੀਂ ਹੈ। ਇਹ ਫੈਸਲੇ ਉਨ੍ਹਾਂ ਤੇ ਉਪਰੋਂ ਬਿਜਲੀ ਵਾਂਗ ਡਿਗਦੇ ਹਨ ਅਤੇ ਮਾਰੂ ਸਾਬਤ ਹੁੰਦੇ ਹਨ। ਮਿਸਾਲ ਦੇ ਤੌਰ ਤੇ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸਟੇਟ ਬੈਂਕ ਦੇ ਮੁਲਾਜ਼ਮਾਂ ਦੀ ਪੈਨਸ਼ਨ ਨਹੀਂ ਵਧਾਈ ਜਾਵੇਗੀ ਹਾਲਾਂ ਕਿ ਸਰਕਾਰ ਦੇ ਆਪਣੇ ਮਹਿਕਮੇ ਦੱਸਦੇ ਹਨ ਕਿ ਮਹਿੰਗਾਈ ਵੱਧ ਰਹੀ ਹੈ। ਸਰਕਾਰ ਨੇ ਇਨ੍ਹਾਂ ਬੈਂਕ ਦੇ ਮੁਲਾਜ਼ਮਾਂ ਨਾਲ ਕੋਈ ਸਲਾਹ ਮਸ਼ਵਰਾ ਨਹੀਂ ਕੀਤਾ ਅਤੇ ਐਲਾਨ ਕਰ ਦਿਤਾ ਕਿ ਉਨ੍ਹਾਂ ਦੀਆਂ ਪੈਨਸ਼ਨਾਂ ਵਧਾਈਆਂ ਨਹੀਂ ਜਾਣਗੀਆਂ। ਇਸੇ ਤਰਾਂ ਸਰਕਾਰ ਨੇ ਕਈ ਅਦਾਰਿਆਂ ਦੇ ਮੁਲਾਜ਼ਮਾਂ ਦੀਆਂ ਪੈਨਸ਼ਨਾਂ ਖ਼ਤਮ ਕਰਨ ਦਾ ਐਲਾਨ ਵੀ ਕੀਤਾ ਹੈ। ਸਰਕਾਰ ਨੇ ਇਹ ਨਹੀਂ ਦਸਿਆ ਕਿ ਇਨ੍ਹਾਂ ਮੁਲਾਜ਼ਮਾਂ ਦਾ ਕੀ ਬਣੇਗਾ? ਉਮਰ ਭਰ ਸਰਕਾਰ ਦੀ ਨੌਕਰੀ ਕਰਨ ਦੇ ਬਾਅਦ ਉਨ੍ਹਾਂ ਦਾ ਗੁਜ਼ਾਰਾ ਕਿਸ ਤਰ੍ਹਾਂ ਹੋਵੇਗਾ? ਲੋਕ ਭਾਵੇਂ ਮਰਨ ਅਤੇ ਭਾਵੇਂ ਜੀਵਣ ਸਰਕਾਰ ਨੂੰ ਇਸ ਨਾਲ ਕੋਈ ਮਤਲਬ ਨਹੀਂ, ਕੋਈ ਫਿਕਰ ਨਹੀਂ।

ਇਸੇ ਹੀ ਤਰ੍ਹਾਂ ਸਰਕਾਰ ਨੇ ਨਰਬਦਾ ਦਰਿਆ ਤੇ ਕਈ ਡੈਮ ਬਣਾ ਦਿਤੇ ਹਨ। ਨਰਬਦਾ ਘਾਟੀ ਵਿਚ ਰਹਿ ਰਹੇ ਲੱਖਾਂ ਕਬਾਇਲੀ ਲੋਕਾਂ ਦੇ ਘਰਾਂ ਨੂੰ ਪਾਣੀ ਨਾਲ ਉਜਾੜ ਦਿਤਾ ਹੈ ਅਤੇ ਉਨ੍ਹਾਂ ਦੇ ਮੁੜ ਵਸੇਬੇ ਲਈ ਕੋਈ ਬੰਦੋਬਸਤ ਨਹੀਂ ਕੀਤਾ। ਸਰਕਾਰ ਨੇ ਇਨ੍ਹਾਂ ਕਬਾਇਲੀ ਲੋਕਾਂ ਦੇ ਜੰਗਲਾਂ ਅਤੇ ਜ਼ਮੀਨਾਂ ਉੱਤੇ ਜਬਰਦਸਤੀ ਕਬਜ਼ੇ ਕਰਕੇ ਡੈਮ ਬਣਾ ਦਿਤੇ ਹਨ ਅਤੇ ਇਨ੍ਹਾਂ ਲੋਕਾਂ ਨੂੰ ਧੱਕੇ ਖਾਣ ਲਈ ਛੱਡ ਦਿਤਾ ਹੈ। ਪਹਿਲਾਂ ਉਜਾੜੇ ਗਏ ਲੋਕਾਂ ਦੇ ਮੁੜ ਵਸੇਬੇ ਦਾ ਇੰਤਜ਼ਾਮ ਹਾਲੇ ਤੱਕ ਨਹੀਂ ਕੀਤਾ ਅਤੇ ਹੁਣ ਡੈਮ ਦੀ ਉਚਾਈ ਹੋਰ ਵਧਾਈ ਜਾ ਰਹੀ ਹੈ ਜਿਹਦੇ ਨਾਲ ਤੀਹ ਹਜ਼ਾਰ ਹੋਰ ਲੋਕ ਉੱਜਾੜੇ ਦੇ ਮੂੰਹ ਧੱਕੇ ਜਾ ਰਹੇ ਹਨ। ਸੁਪਰੀਮ ਕੋਰਟ ਦਾ ਫੈਸਲਾ ਸੀ ਕਿ ਜਿੰਨਾਂ ਚਿਰ ਪਹਿਲਾਂ ਉਜਾੜੇ ਲੋਕ ਮੁੜ ਕੇ ਵਸਾ ਨਹੀਂ ਦਿਤੇ ਜਾਂਦੇ ਡੈਮ ਨੂੰ ਹੋਰ ਉਚਾ ਨਹੀਂ ਕੀਤਾ ਜਾ ਸਕਦਾ। ਨਰਬਦਾ ਬਚਾਉ ਅੰਦੋਲਨ ਦੇ ਝੰਡੇ ਹੇਠ ਇਹ ਲੋਕ ਆਪਣੇ ਉਜਾੜੇ ਦੇ ਖ਼ਿਲਾਫ਼ ਕਈ ਸਾਲਾਂ ਤੋਂ ਜੱਦੋ-ਜਹਿਦ ਕਰ ਰਹੇ ਹਨ। ਕਈ ਸਰਕਾਰਾਂ ਆਈਆਂ ਤੇ ਗਈਆਂ ਪਰ ਲੋਕਾਂ ਨੂੰ ਇਨਸਾਫ ਨਹੀਂ ਮਿਲਿਆ। ਸਰਕਾਰ ਕਾਂਗਰਸ ਦੀ ਸੀ ਜਾਂ ਭਾਜਪਾ ਦੀ ਜਾਂ ਕਿਸੇ ਹੋਰ ਪਾਰਟੀ ਦੀ, ਲੋਕਾਂ ਦੀ ਕਿਸੇ ਨੇ ਨਹੀਂ ਸੁਣੀ।। ਨਰਬਦਾ ਦਰਿਆ ਤੇ ਡੈਮ ਬਣਾਉਣ ਦਾ ਫੈਸਲਾ ਅਤੇ ਘਾਟੀ ਵਿਚ ਰਹਿੰਦੇ ਲੋਕਾਂ ਨੂੰ ਉਥੋਂ ਉਜਾੜਨ ਦਾ ਫੈਸਲਾ ਨਰਬਦਾ ਘਾਟੀ ਵਿਚ ਰਹਿਣ ਵਾਲੇ ਲੋਕਾਂ ਨੂੰ ਪੁਛ ਕੇ ਨਹੀਂ ਸੀ ਕੀਤਾ ਗਿਆ, ਉਪਰੋਂ ਹੀ ਠੋਸਿਆ ਗਿਆ ਸੀ। ਨਰਬਦਾ ਦੇ ਲੋਕਾਂ ਦਾ ਇਸ ਫੈਸਲੇ ਵਿਚ ਕੋਈ ਹਿੱਸਾ ਨਹੀਂ ਸੀ ਹਾਲਾਂ ਕਿ ਸਾਰੀ ਬਰਬਾਦੀ ਉਨ੍ਹਾਂ ਦੀ ਹੋਈ ਹੈ।

ਕਿਸਾਨਾਂ ਦੀ ਜ਼ਿੰਦਗੀ ਮੌਤ ਦੇ ਫੈਸਲੇ ਵੀ ਉਨ੍ਹਾਂ ਤੇ ਉਪਰੋਂ ਹੀ ਠੋਸੇ ਜਾਂਦੇ ਹਨ। ਮਿਸਾਲ ਦੇ ਤੌਰ ਤੇ ਛੋਟੇ ਕਿਸਾਨਾਂ ਨੂੰ ਖੇਤੀ ਬਾੜੀ ਬਿਲਕੁਲ ਵਾਰਾ ਨਹੀਂ ਖਾਂਦੀ ਕਿਉਂਕਿ ਖੇਤੀ ਬਾੜੀ ਦੀ ਲਾਗਤ ਵਧਦੀ ਜਾ ਰਹੀ ਹੈ ਤੇ ਫ਼ਸਲਾਂ ਦੇ ਭਾਅ ਉਸ ਹਿਸਾਬ ਨਾਲ ਨਹੀਂ ਮਿਲਦੇ। ਹਰ ਸਾਲ ਕਿਸਾਨ ਦੇ ਸਿਰ ਕਰਜ਼ੇ ਦੀ ਪੰਡ ਹੋਰ ਭਾਰੀ ਹੁੰਦੀ ਜਾਂਦੀ ਹੈ। ਹਜ਼ਾਰਾਂ ਹੀ ਕਿਸਾਨ ਖ਼ੁਦਕਸ਼ੀ ਕਰ ਚੁਕੇ ਹਨ। ਸਰਕਾਰ ਫਸਲਾਂ ਦੇ ਭਾਅ ਤੈ ਕਰਦੀ ਹੈ ਪਰ ਉਸ ਦੇ ਨਾਲ ਛੋਟੇ ਕਿਸਾਨਾਂ ਦੀ ਲਾਗਤ ਪੂਰੀ ਨਹੀਂ ਹੁੰਦੀ। ਫ਼ਸਲਾਂ ਦੇ ਭਾਅ ਅਤੇ ਖੇਤੀਬਾੜੀ ਲਈ ਵਰਤੀਆਂ ਜਾਂਦੀਆਂ ਚੀਜ਼ਾਂ ਦੇ ਭਾਅ ਬੰਨ੍ਹਣ ਵਿਚ ਕਿਸਾਨਾਂ ਨੂੰ ਕੋਈ ਨਹੀਂ ਪੁੱਛਦਾ। ਕਿਸਾਨਾਂ ਦੀ ਜ਼ਿੰਦਗੀ ਮੌਤ ਦੇ ਇਹ ਫੈਸਲੇ ਕਰਨ ਵਾਲੇ ਕੋਈ ਹੋਰ ਹਨ। ਕਿਸਾਨ ਉਤੇ ਇਹ ਫੈਸਲੇ ਉਪਰੋਂ ਹੀ ਡਿਗਦੇ ਹਨ ਅਤੇ ਉਨ੍ਹਾਂ ਦੀ ਬਰਬਾਦੀ ਕਰਦੇ ਹਨ।

ਦਿਨੋਂ ਦਿਨ ਵਧਦੇ ਲੋਕ-ਸੰਘਰਸ਼ ਸੰਕੇਤ ਕਰ ਰਹੇ ਹਨ ਕਿ ਹੁਣ ਲੋਕਾਂ ਵਿਚ ਇਹ ਚੇਤਨਾ ਜ਼ੋਰ ਫੜ ਰਹੀ ਹੈ ਕਿ ਇਹ ਫੈਸਲੇ ਜ਼ੋਰ ਵਾਲੇ ਮੁੱਠ-ਭਰ, ਜਿਨ੍ਹਾਂ ਨੇ ਲੋਕਾਂ ਦੀ ਫੈਸਲੇ ਕਰਨ ਦੀ ਤਾਕਤ ਜ਼ੋਰ ਨਾਲ ਖੋਹ ਲਈ ਹੈ, ਆਪਣੇ ਮੁਫ਼ਾਦ ਲਈ ਹੀ ਕਰਦੇ ਹਨ। ਇਹ ਜ਼ੋਰ ਡੰਡੇ ਦਾ ਹੈ ਅਤੇ ਪੈਸੇ ਦਾ ਹੈ। ਜਿਸ ਕੋਲ ਪੈਸਾ ਹੈ ਉਸ ਕੋਲ ਡੰਡਾ ਵੀ ਹੈ। ਉਸੇ ਕੋਲ ਸਿਆਸੀ ਤਾਕਤ ਵੀ ਹੈ। ਪਾਰਟੀ ਰਾਜ ਦੀ ਸਿਆਸੀ ਪ੍ਰਣਾਲੀ ਵਿਚ ਸਿਆਸੀ ਪਾਰਟੀਆਂ ਪੈਸੇ ਵਾਲਿਆਂ ਅਤੇ ਜ਼ੋਰ ਵਾਲਿਆਂ ਦੇ ਹੱਥਾਂ ਵਿਚ ਹੀ ਹੁੰਦੀਆਂ ਹਨ। ਕਾਂਗਰਸ, ਭਾਜਪਾ, ਸੀ.ਪੀ.ਆਈ. (ਐਮ) ਅਤੇ ਹੋਰ ਸਿਆਸੀ ਪਾਰਟੀਆਂ ਵੀ ਪੈਸੇ ਵਾਲਿਆਂ ਅਤੇ ਜ਼ੋਰ ਵਾਲਿਆਂ ਦਾ ਹੀ ਪੱਖ ਪੂਰਦੀਆਂ ਹਨ। ਇਹ ਸਾਰੀਆਂ ਹੀ ਪਾਰਟੀਆਂ ਲੋਕਾਂ ਦੇ ਫੈਸਲੇ ਕਰਨ ਦੀ ਤਾਕਤ ਖੋਹ ਕੇ ਪੈਸੇ ਵਾਲਿਆਂ ਦੇ ਹੱਥ ਵਿਚ ਦੇ ਦਿੰਦੀਆਂ ਹਨ। ਇਹ ਕੋਈ ਇਤਫਾਕੀਆ ਗੱਲ ਨਹੀਂ ਕਿ ਇਸ ਸਾਲ ਦੇ ਬਜਟ ਦਾ 74% ਹਿੱਸਾ ਹਿੰਦੁਸਤਾਨ ਦੀ ਸਰਕਾਰ ਨੇ ਸੂਦਖ਼ੋਰਾਂ ਦੇ ਹਵਾਲੇ ਕਰ ਦਿਤਾ ਹੈ ਅਤੇ ਸਿਹਤ ਅਤੇ ਤਾਲੀਮ ਤੇ ਸਿਰਫ਼ 2% ਨਾਲੋਂ ਵੀ ਘੱਟ ਖ਼ਰਚ ਕੀਤਾ ਗਿਆ ਹੈ। ਕਾਂਗਰਸ, ਭਾਜਪਾ, ਸੀ.ਪੀ.ਆਈ, ਸੀ.ਪੀ.ਆਈ.(ਐਮ) ਅਤੇ ਹੋਰਨਾਂ ਸਾਰੀਆਂ ਪਾਰਟੀਆਂ ਨੇ ਇਸ ਬਜਟ ਦੀ ਕੋਈ ਮੁਖ਼ਾਲਫ਼ਤ ਨਾ ਕਰਦੇ ਹੋਏ ਇਹਨੂੰ

ਸਰਬ-ਸੰਮਤੀ ਨਾਲ ਪਾਸ ਕਰ ਦਿਤਾ ਹੈ। ਕਿਸੇ ਵੀ ਪਾਰਟੀ ਨੇ ਇਹ ਮੁੱਦਾ ਨਹੀਂ ਉਠਾਇਆ ਕਿ ਬਜਟ ਦਾ 74% ਹਿੱਸਾ ਸੂਦਖ਼ੋਰਾਂ ਦੇ ਹਵਾਲੇ ਕਿਉਂ ਕੀਤਾ ਜਾ ਰਿਹਾ ਹੈ? ਆਮ ਲੋਕਾਂ ਤੇ ਮਜ਼ਦੂਰਾਂ ਦੇ ਮੁਦਈ ਹੋਣ ਦਾ ਸ਼ੋਰ ਪਾਉਣ ਵਾਲੀਆਂ ਪਾਰਟੀਆਂ ਸੀ.ਪੀ.ਆਈ. ਤੇ ਸੀ.ਪੀ.ਆਈ.(ਮ) ਵੀ ਇਸ ਬਾਰੇ ਕੁਝ ਨਹੀਂ ਬੋਲੀਆਂ।

ਆਪਣੀ ਕਿਸਮਤ ਦੇ ਫੈਸਲੇ ਕਰਨ ਦਾ ਹੱਕ ਆਪਣੇ ਹੱਥ ਲੈਣ ਲਈ ਲੋਕਾਂ ਨੂੰ ਇਹ ਪਾਰਟੀ ਰਾਜ ਦਾ ਸਿਸਟਮ ਖ਼ਤਮ ਕਰਕੇ ਇਕ ਸਿੱਧੀ ਜਮਹੂਰੀਅਤ ਕਾਇਮ ਕਰਨ ਦੀ ਲੋੜ ਹੈ ਜਿਸ ਨਾਲ ਉਹ ਇਹ ਫੈਸਲੇ ਬਜਾਏ ਕਿਸੇ ਪਾਰਟੀ ਦੇ ਨੁਮਾਇੰਦੇ ਦੇ ਹੱਥ ਦੇਣ ਦੇ ਇਹ ਫੈਸਲੇ ਆਪ ਕਰਨ। ਚੋਣਾਂ ਵਿਚ ਕਿਸੇ ਵੀ ਪਾਰਟੀ ਦੇ ਉਮੀਦਵਾਰ ਨੂੰ ਵੋਟ ਨਾ ਪਾ ਕੇ ਆਪਣੇ ਉਮੀਦਵਾਰ ਖੜੇ ਕਰਨ ਅਤੇ ਉਨ੍ਹਾਂ ਉੱਤੇ ਆਪਣਾ ਕੰਟਰੋਲ ਰੱਖਣ। ਇਸ ਵੇਲੇ ਇਲੈਕਸ਼ਨਾਂ ਦੇ ਬਾਅਦ ਐਮ.ਪੀ. ਜਾਂ ਐਮ.ਐਲ.ਏ. ਲੋਕਾਂ ਨੂੰ ਨਜ਼ਰ ਹੀ ਨਹੀਂ ਆਉਂਦੇ ਅਤੇ ਨਾ ਇਹ ਲੋਕਾਂ ਪ੍ਰਤੀ ਜਵਾਬਦੇਹ ਹਨ। ਲੋਕਾਂ ਨੂੰ ਪਾਰਟੀ ਰਾਜ ਦੇ ਇਸ ਤੰਤ੍ਰ ਨੂੰ ਖ਼ਤਮ ਕਰਕੇ ਇਕ ਨਵੀਂ ਸਿਆਸੀ ਪ੍ਰਣਾਲੀ ਬਣਾਉਣ ਦੀ ਲੋੜ ਹੈ। ਲਿਬਰਲ ਡੈਮੋਕ੍ਰੇਸੀ ਦੀ ਇਹ ਪ੍ਰਣਾਲੀ ਲੋਕਾਂ ਦੀ ਲੋੜਾਂ ਦੇ ਉਲਟ ਹੈ ਅਤੇ ਲੋਕਾਂ ਦਾ ਪੱਖ ਨਹੀਂ ਪੂਰ ਸਕਦੀ। ਇਹ ਤਾਂ ਜ਼ੋਰ ਵਾਲਿਆਂ ਦਾ ਇਕ ਹਥਿਆਰ ਹੈ ਜਿਸ ਰਾਹੀਂ ਇਹ ਲੋਕਾਂ ਤੋਂ ਉਨ੍ਹਾਂ ਦੇ ਫੈਸਲੇ ਕਰਨ ਦੀ ਤਾਕਤ ਖੋਹ ਲੈਂਦੇ ਹਨ ਅਤੇ ਆਪਣੇ ਮੁਫ਼ਾਦ ਲਈ ਇਹ ਤਾਕਤ ਵਰਤਦੇ ਹਨ। ਸਮੇਂ ਦੀ ਲੋੜ ਲਿਬਰਲ ਡੈਮੋਕ੍ਰੇਸੀ ਨਹੀਂ, ਲੋਕਾਂ ਦੇ ਸਿੱਧੇ ਰਾਜ ਦੀ, ਬਿਨਾਂ ਕਿਸੇ ਪਾਰਟੀ ਦੇ ਵਿਚੋਲੇ ਦੇ ਰਾਜ ਦੀ ਅਤੇ ਪਰਜਾ ਰਾਜ ਦੀ ਲੋੜ ਹੈ।